**ਨੈਨ ਸੁਖ**

ਨੈਨ ਸੁੱਖ ਮੇਰਾ ਕਲਮੀ ਨਾਂ ਹੈ, ਅਸਲ ਵਿਚ ਮੈਂ ਖ਼ਾਲਿਦ ਮਹਿਮੂਦ ਹਾਂ। ਮੇਰਾ ਜੰਮਪਲ ਤੇ ਸਾਰਾ ਪਿੰਡਾਂ ਦਾ ਹੈ ਪਰ ਮੈਂ ਪਿਛਲੇ 25-26 ਵਰਿਆਂ ਤੋਂ ਲਾਹੌਰ ਸ਼ਹਿਰ ਵਿਚ ਰਹਿੰਨਾ ਉਥੇ ਮੈਂ ਵਕਾਲਤ ਕਰ**ਦਾਂ।** ਤੇ ਮੈਂ ਜਿਹੜੀਆਂ ਪਹਿਲੀਆਂ ਚੀਜ਼ਾਂ ਸੁਣੀਆਂ, ਪੜ੍ਹੀਆਂ, ਲਿਖੀਆਂ, ਸੁਣੀਆਂ ਔਰ ਪੜ੍ਹੀਆਂ, ਉਹ ਸਾਰੀਆਂ ਪੰਜਾਬੀ ਵਿਚ ਸਨ ਜਿਵੇਂ ਕਿੱਸੇ ਕਹਾਣੀਆਂ, ਲੋਕ ਗੀਤ, ਸੂਫੀ ਸ਼ਾਇਰੀ, ਤੇ ਉਹਨਾਂ, ਉਹਨਾਂ ਨੇ ਮੈਨੂੰ, ਇਹਨਾਂ'ਕੁ ਮੈਂ ਉਹਨਾਂ ਤੋਂ ਪ੍ਰਭਾਵਿਤ ਹੋਇਆ ਕਿ ਮੈਂ ਸ਼ਾਇਰੀ ਲਿਖਣੀ ਸ਼ੁਰੂ ਕਰ ਦਿੱਤੀ। ਤੇ ਜਿਹੜੀ ਮੈਂ ਸ਼ਾਇਰੀ ਕਰਦਾ ਸਾਂ, ਓਹਦੇ ਉੱਤੇ ਵੀ, ਉਸ ਵੇਲੇ ਦੇ ਹਿਸਾਬ ਨਾਲ ਜਿਹੜਾ ਮੈਂ ਜੋ ਸੋਚਦਾ ਸਾਂ, ਜੋ ਸਮਝਦਾ ਸਾਂ, ਉਹ ਮੈਂ ਲਿਖ ਦਿੰਦਾ ਸਾਂ ਤੇ ਜਿਵੇਂ ਕੇ ਮੇਰੀ ਇਕ ਨਜ਼ਮਏ, "ਕਾਲੇ ਖਾਤੇ" - **ਹੱਟੀਆਂ** ਤੇ ਖੁੱਲੇ ਕਾਲੇ ਖਾਤੇ, ਅੱਖੀਆਂ ਦੀ ਖੇਤੀ ਵਿਚ ਬੀਜੇ ਰੱਤੇ ਜਗਰਾਤੇ, ਤੇ ਰੁੱਤਾਂ ਬੇਅਤਬਾਰੀਆਂ, ਸਾਵੀਂ ਨੀਂਦ ਰਹਿਣ ਰੱਖ ਕੇ, ਲਾਇਆ **ਦਾਅ** ਵਪਾਰੀਆਂ, ਸਾਥੋਂ ਨੀਲੇ ਸੁਫ਼ਨੇ ਖੁਸ ਗਏ, ਦਰਿਆਵਾਂ ਕੋਲੋਂ ਬੱਦਲ **ਰੁੱਸ** ਗਏ, ਦੇਕੇ ਵਸਲਾਂ ਦਾ ਨੱਚਦਾ ਮੋਰ, ਪੀਲੀ ਯਾਦ **ਲਿਆਂਦੀਏ**, **ਰਲ** ਗਏ ਚੰਨ, ਚੌਕੀਦਾਰ ਤੇ ਚੋਰ, ਪਰ ਰੱਤ ਰਾਹ ਵਖਾਂਦੀ ਹੈ। ਮੈਂ **ਇੰਝ** ਦੀਆਂ ਨਜ਼ਮਾਂ ਲਿਖਦਾ ਸਾਂ, ਗੀਤ ਕਾਫ਼ੀਆਂ, ਪਰ ਕਿਧਰੇ ਕਿਧਰੇ ਮੈਨੂੰ ਇੰਝ ਲੱਗਦਾ ਸੀ ਕਿ ਮੈਂ ਪੂਰੀ ਆਪਣੀ ਗੱਲ ਹੈ ਆਪਣੇ ਅੰਦਰ ਦੀ, ਉਹ ਨਹੀਂ ਕਰ ਸਕਦਾ, ਇਸ ਵਾਸਤੇ ਮੈਂ ਕਹਾਣੀਆਂ ਲਿਖਣੀਆਂ ਸ਼ੁਰੂ ਕੀਤੀਆਂ। ਕਹਾਣੀਆਂ ਵਿਚ ਮੈਂ ਇਹ ਯਤਨ ਕੀਤਾ ਆਪਣੇ ਵਲੋਂ, **ਉਚੇਚ** ਕੀਤਾ, ਕਿ ਮੈਂ, ਮੇਰਾ ਰੰਗ ਢੰਗ ਜਿਹੜਾ ਹੈ ਉਹ ਕੋਈ ਆਪਣਾ ਹੋਵੇ ਵੱਖਰਾ। ਜਿਹੜਾ ਪਹਿਲੇ ਲੋਕੀ ਜਿਸ **ਤਰਾਂ** ਲਿਖਦੇ ਸੀ, ਮੈਂ ਉਹਨਾਂ ਕੋਲੋਂ ਅਸਰ ਤੇ ਜ਼ਰੂਰ ਲਿਆ ਹੈ ਪਰ ਮੈਂ ਕੋਸ਼ਿਸ਼ ਕੀਤੀ ਕਿ ਮੇਰਾ ਉਹਦੇ ਵਿਚ ਆਪਣਾ ਇੱਕ ਰੰਗ ਹੋਵੇ, ਉਹਦੇ ਵਿਚ ਮੈਂ ਸਮਾਜੀ ਔਰ ਤਾਰੀਖੀ ਚੀਜ਼ਾਂ ਨੂੰ ਵਿਚ ਰੱਖਦਾ ਸਾਂ, ਸਿਆਸੀ ਵੀ ਸਾਰੇ। ਤੇ ਜਿਸ ਤਰ**ਾਂ** ਮੇਰੀ ਇਕ ਕਹਾਣੀ ਹੈ "ਉਥਲ ਪੁਥਲ", ਉਹਦਾ ਮੈਂ ਇਕ ਥੋੜਾ **ਜਿਹਾ** ਹਿੱਸਾ ਤੁਹਾਨੂੰ ਪੜ੍ਹ ਕੇ ਸੁ**ਣਾਨਾ** ਹਾਂ - ਉਥਲ ਪੁਥਲ, ਅੰਨ੍ਹੇ ਵਾਹ ਭਾਜੜ, ਏਧਰੋਂ ਓਧਰ ਤੇ ਉਤੋਂ ਥੱਲੇ, ਕੋਈ ਸਿੱਧ ਪੁੱਠ ਨਾ ਰਿਹਾ, ਅਚਨਚੇਤ ਸਭਨਾਂ ਨੂੰ ਆਪਣੀ ਆਪਣੀ ਪੈ ਗਈ,

ਵਗ ਤਗ ਲੱਗੀ, ਝੱਟ ਪੱਟ ਹੋਈਂ, ਕਿਹਦੀ ਉੱਖ ਸੁੱਖ ਪੁੱਛ ਦੱਸ ਕਿਹਨੂੰ, ਕਿਹੜਾ ਆਪਣਾ, ਕੌਣ ਪਰਾਇਆ, ਸੱਜਣ ਦੁਸ਼ਮਣ ਇੱਕੋ ਖਾਤੇ, ਮੂੰਹ **ਮੁਲਾਜ਼ਾ** ਨਾ ਦੀਦ ਲਿਹਾਜ਼, ਇਮਦਾਦ ਲਈ ਕਿਸੀ ਵੇਲੀ ਨੂੰ ਵਾਜ ਮਾਰਨ ਦਾ ਹੋਸ਼ ਕਿਹਨੂੰ, ਕਿਸੇ ਆਪਣੇ ਪਿਆਰੇ ਨੂੰ ਬਚਾਵਣ ਦਾ **ਆਹਰ** ਕੌਣ ਕਰੇ? ਅੱਗੇ - ਪਿੱਛੇ, ਉਪਰ ਹੇਠਾਂ, ਡਿੱਗਦੇ ਢਹਿੰਦੇ, ਮਰਦੇ ਮਾਰਦੇ, ਜਿਧਰ ਜਿਹਦਾ ਵਾਹ ਲੱਗਾ, ਆਪਣਾ ਆਪਣਾ ਸਿਰ ਲੈ ਗਏ, ਝੱਟ ਖਲੋਕੇ ਆਪਣੀ ਥਾਂ ਛੱਡਣ ਲੱਗਿਆਂ ਕੋਈ ਝੁਰਿਆ ਨਾ। **ਅੱਗੇ** ਕਿਥੇ ਜਾਣਾ ਹੈ, ਉਹ ਵੀ ਸੁੱਖ ਦੀ ਘੜੀ ਵਿਚ **ਬਹਿ** ਕੇ **ਗਵੇੜਣ** ਦੀ ਗੱਲ, ਮੌਤ ਹਯਾਤੀ ਦੀ **ਲੁਕਣ** ਮੀਟੀ ਵਿਚ, ਜਿਥੇ ਥਾਂ ਚੱਲੇ, ਉੱਥੇ ਹੀ **ਘੁੜਸ**ਨਾ ਪੈਂਦਾ। ਨਿੱਤ ਇਹਨਾਂ ਨਾਲ ਇਹ ਹੀ ਹੋਵੇ, **ਧਿਰ** ਕੋਈ ਨਾ **ਧੜਾ**, ਕਦੋਂ ਕਿਹੜਾ **ਬਾਤ** ਲਵੇ, ਕਿਥੋਂ **ਬੌਹੜੇ** ਕੌਣ, ਜਿਹੜੇ ਅੱਖਾਂ ਵਿਚ ਵੱਸੇ ਨਹੀਂ ਉਹਨਾਂ **ਕੀ** ਚੇਤੇ ਰਹਿਣਾ? ਵਿਹੜਾ **ਨਾ** ਕੰਧ ਬਨੇਰਾ, ਵਾਰਡ **ਬਲਗਨ** ਨਾ ਰਾਖੀ, ਕੋਈ ਵੀ ਪੱਕਾ ਸਰਬੰਧ ਨਾ, ਬੰਨ ਮਰਨ ਲਈ ਰੱਛ ਕਿੱਥੇ, ਬੇਵੱਸ ਨਿਮਾਣੇ, ਸੌ ਵਾਧਾ ਵਦੀਕੀ, ਇਹ ਕੁਸਕਣ **ਨਾ**, ਕਿਸੇ ਵੇਲੇ ਵੀ ਦੇਸ ਨਿਕਾਲੇ ਦਾ **ਹੁਕਮ** ਹੋ ਸਕਦਾ, ਝੱਟ ਵਿਚ ਹੀ ਘਰੋਂ ਬੇਘਰ, ਮੁਕੱਦਮਾ ਅਪੀਲ **ਕੀਹਦੇ** ਅੱਗੇ, ਵਕੀਲ ਦਲੀਲ ਕੋਈ ਨਾ, ਇਹਨਾਂ ਦੀ ਆਪਣੀ ਕਿਹੜੀ ਥਾਂ, ਪੱਕਾ ਪਤਾ ਨਾ ਦੱਸਣ ਜੋਗੇ, ਕਾਲੇ **ਕੋਝੇ** ਕੰਮ ਦੇ ਨ ਕਾਰ ਦੇ, ਕਿਸੇ ਕਿੱਸਾ ਕਹਾਣੀ ਦਾ ਮਾਲ ਮਸਾਲਾ, ਨਾ ਗੀਤਾਂ ਦੇ ਪਾਤਰ ਤੇ ਨਾ ਹੀ ਕੰਧਾਂ ਤੇ ਲੱਗੀਆਂ ਮੂਰਤਾਂ ਵਿਚ, ਨਾ ਰੱਖੇ ਹੋਏ ਪਾਲਤੂ, ਐਵੇਂ ਵਾਧੂ ਜਿਹੇ, ਕੌਣ ਇਹਨਾਂ ਦੀ ਫਿਕਰ ਕਰੇ, ਕਿਸੇ ਵੱਡੀ ਉਸਾਰੀ ਦੇ ਭਾਈਵਾਲ ਨਹੀਂ, ਗੁੰਦ ਬਣਾਵਣ ਨਾ ਮਾਖੀਓਂ ਰੇਸ਼ਮ, ਕੱਖ ਜਿੱਡਾ ਜਨੌਰ ਦਾਣਾ ਦਾਣਾ **ਢੋਂਦਾ**, ਪੂਰੀ **ਬਰਾਦਰੀ ਰਲ** ਕੇ ਐਵੇਂ ਮਿੱਟੀ ਦੀ ਲੱਪ ਜੋੜੇ, ਕੋਈ ਇਹਨਾਂ ਦੀ ਖੱਖਰ ਦਿੱਸੇ, ਨਾ ਜਾਲਾ **ਉਣਕੇ** ਸ਼ਿਕਾਰ ਕਰਣ। ਨਾ ਇਹ **ਅੱਤ** ਚੁੱਕ ਕਰਨ ਉਜਾੜਾ ਬਹੁਤਾ, **ਝੀਤਰ** ਤਰੇੜ ਤੇ ਮੋਰੀ ਦੇ ਵਸਨੀਕ, **ਚੋਖੀਆਂ ਟੰਗਾਂ** ਹੁੰਦਿਆਂ ਵੀ, ਦੋ ਪੈਰਾਂ ਹੇਠ **ਮਧੋਲੇ** ਜਾਵਣ, ਤੇ ਜੇ ਕਦੀ ਇਹ **ਧਤ** ਮਕੌੜੇ, ਡੱਖ ਮਰਣ, ਆਪ ਮਾਰ ਜਾਂਦੇ, **ਚੱਕ** ਨਹੀਂ ਛੱਡਦੇ, ਪਰ ਕਿਧਰੇ ਕਦੀ ਕਦਾਈਂ"

ਇੰਝ ਦੀਆਂ ਕਹਾਣੀਆਂ ਮੈਂ ਲਿਖਦਾ ਸੀ ਤੇ ਮੇਰੀਆਂ ਕਹਾਣੀਆਂ ਦੇ ਦੋ ਪਰਾਗੇ, ''ਠੀਕਰੀਆਂ'' ਤੇ ''ਉਥਲ ਪੁਥਲ'' ਛੱਪੇ, ਤੇ ਉਸ ਤੋਂ **ਬਾਅਦ** ਮੈਨੂੰ ਇਕ ਕਹਾਣੀ ਲਿਖਣ ਦੀ ਸੱਧਰ ਹੋਈਂ, ਜਿਹਦਾ ਨਾਂ ਸੀ 'ਲਾਹੌਰ ਦੀ ਵੇਲ', ਉਹਦੇ ਵਾਸਤੇ ਮੈਂ ਲਾਹੌਰ ਦੇ ਬਹੁਤ ਸਾਰੇ ਪੁਰਾਣੇ ਲੋਕਾਂ ਨੂੰ ਮਿਲਦਾ **ਰਿਹਾ** ਜਿਹਨਾਂ 'ਚ ਵੱਖ ਵੱਖ **ਪੇਸ਼ਿਆਂ** ਦੇ, ਵੱਖ ਵੱਖ ਵਰਗਾਂ ਦੇ ਲੋਕ ਸਨ, ਹੈ ਸਨ ਸਾਰੇ ਦੇ ਸਾਰੇ ਵੱਡੀ ਉਮਰ ਦੇ, ਬੁੱਢੇ ਮਾਈਆਂ ਤੇ ਬਾਬੇ, ਉਹਨਾਂ ਕੋਲੋਂ ਲਾਹੌਰ ਦੇ ਬਾਰੇ ਮੈਂ ਏਨੀਆਂ 'ਕੁ ਗੱਲਾਂ ਸੁਣੀਆਂ ਕਿ ਮੈਂ ਲਿਖਦਾ ਗਿਆ ਔਰ ਉਹ ਏਨੀਆਂ 'ਕੁ ਕਹਾਣੀਆਂ **ਇਕੱਠੀਆਂ** ਹੋ ਗਈਆਂ, ਤੇ ਮੈਨੂੰ ਇੰਝ ਲੱਗੇ ਕਿ ਮੈਂ ਇਹਨਾਂ ਕਹਾਣੀਆਂ ਨੂੰ ਜੋੜ ਕੇ ਤੇ ਕੋਈ ਨਾਵਲ ਵੀ ਬਣਾ **ਸਕਦਾਂ।** ਪਰ ਉਹ ਮੇਰੇ ਕੋਲੋਂ ਨਾਵਲ ਬਣਦਾ ਨਹੀਂ ਸੀ **ਕਿਉਂਕਿ** ਇਹ ਕਹਾਣੀਆਂ ਵੱਖੋਂ ਵੱਖ ਲੋਕਾਂ ਦੀਆਂ ਸੀ ਔਰ ਵੱਖਰੇ ਵੱਖਰੇ ਢੰਗ ਔਰ ਵੱਖਰੇ ਵੱਖਰੇ ਲੋਕਾਂ ਦੇ ਰੰਗ ਔਰ ਉਹਨਾਂ ਦੇ ਪੇਸ਼ੇ ਵੱਖ ਵੱਖ, ਕਿਧਰੇ ਕੰਜਰਾਂ ਦੀਆਂ ਕਹਾਣੀਆਂ, ਕਿੱਧਰੇ ਕਈ **ਜੁਅਰੀਏ**, ਕਈ ਜਿਹੜੇ ਜੁਰਮ ਦੇ ਵਿਚ ਕਈ ਲੋਕ ਫੜੇ**ਗਏ**, ਉਹਨਾਂ ਦੀਆਂ ਕਹਾਣੀਆਂ, ਫਿਰ ਪੜ੍ਹਦਿਆਂ ਪੜ੍ਹਦਿਆਂ, ਨਾਲ ਮੈਂ ਪੜ੍ਹਦ ਵੀ ਰਿਹਾ, ਲਾਹੌਰ ਦੀ ਹਿਸਟਰੀ ਔਰ ਇਸ ਤਰ੍ਹਾਂ ਦੀਆਂ ਚੀਜ਼ਾਂ, ਉਹਨਾਂ ਦੇ ਨਾਲ ਰਲ ਕੇ ਮੇਰੇ ਅੰਦਰ ਇਕ ਬਹੁਤ ਕੁ ਚੀਜ਼ਾਂ **ਕੱਠੀਆਂ** ਹੋਈਆਂ।

ਤੇ ਫਿਰ ਇਕ ਵਾਰੀ ਮੈਂ ''ਹਕੀਕਤ ਤੋਂ ਫੁਕਰਾ'' ਨਾਂ ਦੀ ਇਕ ਕਿਤਾਬ ਮੇਰੇ ਹੱਥ ਲੱਗੀ, ਜਿਹਦੇ ਵਿਚ ਦੋ ਫ਼ਕੀਰਾਂ ਦੀ ਇਕ ਕਹਾਣੀ ਸੀ। ਇਕ ਮਾਧੋ ਦੀ ਔਰ ਇਕ ਹੁਸੈਨ, ਦੋ ਮੁੱਖ ਪਾਤਰ ਸੀ ਓਹਦੇ, ਵਿੱਚ **ਦੁੱਲ੍ਹਾ ਭੱਟੀ** ਵੀ ਆਉਂਦਾ ਹੈ, ਵਿਚ ਅਕਬਰ ਬਾਦਸ਼ਾਹ ਦੀ ਵੀ ਸਾਰੀ ਗੱਲ**ਐ**, ਉਹ ਜਿਸ ਵੇਲੇ ਮੇਰੇ ਸਾਹਮਣੇ ਆਈ, ਮੇਰੀਆਂ ਬਹੁਤ ਸਾਰੀਆਂ ਕਹਾਣੀਆਂ, ਤਾਂ ਮੈਨੂੰ ਇੰਝ ਲੱਗਾ ਕਿ ਮੈਂ ਇਹ ਨੂੰ ਇਸ ਕਹਾਣੀ ਦੇ ਵਿਚ ਪਰੋ ਸਕ**ਦਾਂ** ਔਰ ਇਹ ਨੂੰ ਮੈਂ ਇਕ ਨਾਵਲ ਬਣਾ ਸਕ**ਦਾਂ।** ਇੰਝ ਫਿਰ **ਮੈਂ** ਉਹ ਕਹਾਣੀਆਂ ਨੂੰ ਜੋੜ ਕੇ, ਤੇ ਇਹ ਨਾਵਲ ਬਣਾਇਆ। ਮੇਰੇ **ਮੁੱਖ** ਪਾਤਰ ਜਿਹੜੇ ਨਾਵਲ ਦੇ ਬਣਾਏ ਮੈਂ, ਉਹ ਇੱਕ ਨੈਸ਼ਨਲ **ਕਾਲਜ** ਆਫ ਆਰਟਸ ਦਾ ਇਕ ਪ੍ਰੋਫੈਸਰ, ਟੀਚਰ**ਐ**, ਹੁਸੈਨ, ਪੇਂਟਰ **ਏ** ਉਹ। ਔਰ ਇਸੇ ਤਰਾਹ ਇਕ

ਮਹਿਬੂਬਲ ਹੱਕ ਜਿਹੜਾ**ਏ**, ਜਿਹੜਾ ਫਿਰ ਮਾਧੋ ਬਣਦਾ ਔਰ ਉਹ ਆਪਣੀਆਂ ਯਾਦਾਂ ਦੇ ਵਿਚ, ਆਪਣੀਆਂ ਗੱਲਾਂ ਦੇ ਵਿਚ, ਉਹ ਮਾਧੋ ਲਾਲ ਹੁਸੈਨ ਬਣਕੇ ਤੇ ਉਹ ਲਾਹੌਰ ਨੂੰ ਖੋਜਦੇ ਨੇ ਔਰ ਉਸ ਖੋਜਣ ਦੇ ਵਿਚ, ਉਹ ਲਾਹੌਰ ਦੀਆਂ ਗੱਲਾਂ **ਕਰਨ** ਦੇ ਵਿਚ ਹੀ ਮੇਰੀ ਕਹਾਣੀ ਜਿਹੜੀ**ਐ**, ਉਹ ਅੱਗੇ ਚਲਦੀ ਹੈ। ਮੇਰੇ ਇਸ ਨਾਵਲ ਨੂੰ, "ਢਾਹਾਂ ਸਾਹਿਤ ਇਨਾਮ" ਮਿਲਿਆ ਤੇ ਓਹਦੇ ਵਾਸਤੇ ਮੈਂ ਇਥੇ ਵੈਨਕੂਵਰ ਆਇ**ਆਂ**, **ਕੁਝ** ਦਿਨ ਪਹਿਲਾਂ, ਦੋ ਤਿੰਨ ਦਿਨ ਪਹਿਲਾਂ, ਉਹਦਾ ਫੰਕਸ਼ਨ ਸੀ ਤੇ ਉਹ ਮੈਨੂੰ ਇਨਾਮ ਮਿਲਿਆ। ਮੈਂ ਆਪਣੇ ਉਸ ਨਾਵਲ, ਮਾਧੋ ਲਾਲ ਹੁਸੈਨ, ਨਾਵਲ ਦਾ ਪੂਰਾ ਨਾਂ ਹੈ "ਮਾਧੋ ਲਾਲ ਹੁਸੈਨ- ਲਾਹੌਰ ਦੇ ਵੇਲ", ਮੈਂ ਉਹਦਾ ਕੁਝ ਹਿੱਸਾ ਤੁਹਾਨੂੰ ਪੜ੍ਹ ਕੇ ਸੁਣਾਉ**ਨਾਂ।** ਇਸ ਨਾਵਲ ਦੇ ਪੰ**ਝੀ** ਚੈਪਟਰ ਨੇ, ਤੇ ਇਹਦਾ ਪਹਿਲਾ ਚੈਪਟਰ **ਏ**"ਬਸੰਤ" - 'ਬਸੰਤ 2005', ਇਹਦਾ ਪਹਿਲਾ ਚੈਪਟਰ **ਐ**, ਉਹਦਾ, ਇਕ ਪੇਜ ਮੈਂ ਤੁਹਾਨੂੰ ਪੜ੍ਹ ਕੇ ਸੁਣਾ ਰਿਹਾ**ਂ।** ਬਸੰਤ 2005 - ਸਾਜਨ ਤੇ ਹੱਥ ਡੋਰ ਅਸਾਡੀ, ਮੈਂ ਸਾਜਨ ਦੀ ਗੁੱਡੀ, ਨੀ ਅਸੀਂ ਉਹ ਖ਼ਿਡਾਹਾਂ ਲੁੱ**ਡੀ**, ਉਹਦਾ ਇਹ ਗਾਇਨ ਕੁਦਰਤ **ਇੰਝ** ਮਨਜ਼ੂਰ ਕੀਤਾ, ਕਿ ਉਹ ਅਜੇ ਚੁੱਪ ਹੀ ਹੋਇਆ ਤੇ ਸੁਨਿਹਰ ਚਿੜ੍ਹੀ ਦੀ ਚੰਚਲ ਚੂਕ ਨੂੰ ਬੋਲ ਦਾਨ ਹੋਏ। ਨੀਂ ਮਾਏ ਸਾਨੂੰ ਖੇਡਣ ਦੇ, ਮੇਰਾ ਵੱਤ ਖੇਡਣ ਕੌਣ ਆਸੀ। ਵਾਰੀ ਨਾਲ ਵਾਰੀ ਦੇ ਕੇ, ਸੁਰ ਵਿਚ **ਸੁਰ ਰਲਾਦਿਆਂ** ਉਪਰ ਹੇਠਾਂ ਉਡਦੀ ਛੋਟਕੀ ਜਿਹੀ ਛਟਾਕੀ ਵਾ ਨਾਲ ਡੋਲਦੇ, ਜਿਹੜੇ ਬੂਟੇ ਤੇ **ਬਵੇ**, ਉਹ ਨਿਉ ਜਾਏ। ਉਹਦੇ ਭੁੰਜੇ ਲੱਗਣ ਤੋਂ ਅੱਗੋਂ ਈ, ਉਹ ਉਡਾਰੀ ਮਾਰੇ ਤੇ ਜਾ ਕਿਸੇ ਹੋਰ ਬੂਟੇ ਨੂੰ ਝੂਟਣ ਲੱਗ ਪਵੇ। **ਸਾਵਲ** ਉੱਪਰ **ਖਿੰਡਿਆ** ਪੀਲਾ ਰੰਗ, ਇਕ ਦੂਜੇ ਨਾਲ ਖੇਡਦੇ - **ਖਹਿੰ**ਦੇ ਫੁੱਲ, ਜਿਉਂ ਤੂੰ ਤੋਂ ਪੂਰੇ **ਜੋਬਨ** ਵਿੱਚ ਫਲੌਰਾ ਦੇਵੀ ਪੰਜਾਬ ਸਰਸਵਤੀ ਪੂਜਾ ਲਈ ਆਈ ਹੋਵੇ। ਏਸ ਰਸੀਲੇ ਮੌਸਮ ਦਾ **ਹਮਨਾਮ**, ਪੂਰਬੀ **ਠਾਠ** ਦਾ ਸੰਪੂਰਨ ਰਾਗ, ਉਹਦੇ ਚਿੱਤ ਵਿਚ ਲਹਿ ਰਿਹਾ। ਰਾਗ ਮਾਲਾ ਵਿਚ ਜਿਗਾ ਰੂਪ, ਸੋਹਣਾ, ਸੱਜਰਾ ਤੇ ਸਾਵਾ, ਜੋਗੀਏ ਜਾਮੇ ਵਿਚ ਮੱਸਿਆ ਮਹਿਬੂਬ, ਰੰਗ ਲਹਿਰਦੇ ਰਹੇ ਪਰ ਉਹਦੀਆਂ ਅੱਖਾਂ ਕਿਧਰੇ ਗੁਆਚ ਗਈਆਂ। ਚਿਰੋਕਣੇ **ਫੌਂਤ** ਹੋਏ ਲਾਲਾ ਜੀ ਲਾਹੌ**ਰੀ**, ਉਹਦੇ ਕੰਨਾਂ ਵਿਚ ਬਸੰਤ ਦਿਹਾੜ ਦੀ ਵਧਾਈ ਦਿੱਤੀ।

ਉਹ ਕਿ ਵੇਖਦਾ **ਏ**- ਸਰੋਂ ਦੀ ਪੈਲੀ, ਲਾਹੌਰ ਸ਼ਹਿਰ ਬਣ ਖਲੋਤੀ। ਲਹੌਰੀਆਂ ਤੇ ਲਾਹੋਰਨਾਂ ਨੂੰ ਬਸੰਤ ਢੇਰ ਫੱਬੀ। ਹਰ **ਬ**ਈ ਬਸੰਤੀ ਚੁੰਨੀਆਂ, ਚੋਲੇ ਤੇ ਪੱਗਾਂ ਅਜੇ ਕਲ ਹੀ ਤੇ ਭਰਾਵਾਂ ਭੈਣਾਂ ਨੂੰ ਮੇਲਾ ਦਿੱਤਾ। ਓਹਨੇ ਉਪਰ ਵੇਖਿਆ ਤੇ ਅਸਮਾਨੀ ਗੁੱਡੀਆਂ ਦੀ ਬਹਾਰ ਖਿੜੀ। ਸਾਹਵੇਂ ਮਹਾਰਾਜ ਰਣਜੀਤ ਸਿੰਘ ਤੇ ਰਾਣੀ ਮੋਰਾਂ, **ਹਜਰਜ** ਨਾਂ ਦੇ ਲਾਡਲੇ ਹਾਥੀ ਉੱਤੇ ਅਸਵਾਰ ਦਰਗਾਹ ਮਾਧੋ ਲਾਲ ਹੁਸੈਨ ਵਲੇ ਬਸੰਤ ਮਨਾਵਣ ਆ ਰਹੇ। ਪੂਰਾ ਲਾਹੌਰ ਗਏ ਰਿਹਾ - ਰੁੱਤ ਆਈ ਬਸੰਤ ਬਾਹਰ ਦੀ, ਸਾਨੂੰ ਸਿੱਖ ਹੈ ਮਾਧੋ ਯਾਰ ਦੀ।

ਜ਼ਿਆਦਾ ਜਿਹੜਾ ਮੈਂ ਵੇਖ ਰਿਹਾਂ ਕਿ ਬਹੁਤੇ ਲੋਗ ਸ਼ਾਇਰੀ ਕਰਦੇ ਨੇ, ਜਿਹੜੀ ਇਹ ਪਰੋਜ਼ ਹੈ, ਉਹਦੇ ਵੱਲ ਲੋਕ **ਘੱਟ** ਆਉਂਦੇ ਨੇ, ਫਿਕਸ਼ਨ ਬਹੁਤ **ਘੱਟ** ਲੋਗ ਲਿਖਦੇ ਨੇ, ਜ਼ਿਆਦਾ ਸਾਡੇ ਵਾਲੇ ਪਾਸੇ, ਪਾਕਿਸਤਾਨ ਵਾਲੇ ਪਾਸੇ ਜਿਹੜਾ ਪੰਜਾਬ ਹੈ, ਉਹਦੇ ਵਿਚ, ਬਹੁਤੇ ਲਿਖਣ ਵਾਲੇ ਜਿਹੜੇ ਨੇ, ਉਹ ਸ਼ਾਇਰੀ ਕਰਦੇ ਨੇ, ਉਹ ਪਰੋਜ਼ ਵੱਲ ਬਹੁਤ ਥੋੜੇ ਨੇ, ਜ਼ਿਆਦਾ ਤੋਂ ਜ਼ਿਆਦਾ ਲੋੜ **ਏ** ਕਿ ਲੋਕ ਜਿਹੜੇ ਨੇ, ਉਹ ਪਰੋਜ਼ ਲਿਖਣ, ਫਿਕਸ਼ਨ ਲਿਖਣ, ਕਹਾਣੀਆਂ, ਨਾਵਲ, ਡਰਾਮੇ, ਇਸ **ਤਹਾਂ** ਦੀਆਂ ਚੀਜ਼ਾਂ ਲਿਖਣ ਤੇ ਉਹਦਾ ਜ਼ੁਬਾਨ ਨੂੰ ਜ਼ਿਆਦਾ ਫਾਇਦਾ ਹੋਏਗਾ। ਸ਼ਾਇਰੀ ਦੇ ਵਿਚ, **ਜ਼ੁਬਾਨ** ਜਿਹੜੀ ਹੈ, ਸ਼ਾਇਰੀ ਦੀ ਜ਼ੁਬਾਨ ਉਸ **ਤਰਾਂ**, ਜਦੋਂ ਤੁਸੀਂ ਬਣਾ ਰਹੇ ਹੁੰਦੇ ਹੋ ਜ਼ੂਬਾਨ ਨੂੰ, ਜ਼ੁਬਾਨ ਦੇ ਵੱਖੋ ਵੱਖ ਸ਼ੇਡ ਜਿਹੜੇ ਹੁੰਦੇ ਨੇ, **ਉਸ ਵਕਤ** ਸਾਹਮਣੇ ਆਉਂਦੇ ਨੇ, ਜਿਸ ਵਕਤ ਪੂਰੀ ਜਿਹੜੀ ਜ਼ਿੰਦਗੀ ਹੈ ਤੁਹਾਡੀ ਉਸ ਨੂੰ ਜ਼ੂਬਾਨ ਦੇ ਵਿਚ ਲਿਖਿਆ ਜਾਏ, ਤੇ ਤੁਹਾਡੀ ਅੱਜ ਦੀ ਜ਼ਿੰਦਗੀ ਜਿਵੇਂ ਗੁਜ਼ਰ ਰਹੀ ਹੈ, ਉਹਦੇ ਵਿਚ ਜ਼ੂਬਾਨ ਕਿਵੇਂ ਦੀ ਬੋਲੀ ਜਾ ਰਹੀ ਹੈ, ਕਿਵੇਂ ਦੀ ਬੋਲੀ ਜਾਣੀ ਚਾਹੀਦੀ ਹੈ, ਉਹ ਸਾਰਾ ਜਿਹੜਾ ਹੈ, ਉਹ **ਤੁਹਾਡਾ** ਫਿਕਸ਼ਨ ਦੇ ਰਾਹੀਂ ਤੁਸੀਂ ਕਰ ਸਕਦੇ ਹੋ। **ਪਰ** ਉਹ ਸਾਡੇ **ਜਿਆਦਾ** ਲੋਕ ਸ਼ਾਇਰੀ ਕਰ ਰਹੇ ਨੇ ਔਰ ਇਕ ਉਹ ਕੁਛ ਲੋਕ ਨੇ, ਜਿਹੜੇ ਬਹੁਤ ਹੀ, ਉਹਨਾਂ ਦਾ ਸਟਾਈਲ, ਢੰਗ ਜਿਹੜਾ ਹੈ, ਬਹੁਤ ਪੁਰਾਣਾ ਹੈ ਔਰ ਕੁਝ ਕੁਝ ਲੋਕ ਐਸੇ ਨੇ ਜਿਹੜੇ ਕਿ ਬਹੁਤ ਹੀ ਮਾਡਰਨ ਨੇ। ਜਿਹੜੇ ਮਾਡਰਨ ਨੇ, ਉਹਨਾਂ ਦੇ ਵੀ ਐਸ

**ਤਰਾਂ ਏ** ਕਿ ਉਹ ਸਮਾਜ ਨਾਲ ਨਹੀਂ ਜੁੜਿਆ, ਉਹਨਾਂ ਦਾ ਉਹ, ਰਵਾਇਤ ਨਾਲ ਨਹੀਂ ਜੁੜਦੇ ਲੋਕ ਨਾ, ਬਿਲਕੁਲ ਮਾਡਰਨ ਟੈਕਨੀਕ ਔਰ ਇਸ ਤਰਾਂ ਦੀਆਂ ਚੀਜ਼ਾਂ। ਔਰ ਜਿਹੜੇ ਰਵਾਇਤੀ ਨੇ ਉਹ ਬਿਲਕੁਲ ਰਵਾਇਤੀ ਔਰ ਉਸ ਤਰਾਂ ਦਾ ਲਿਖਦੇ ਨੇ। ਜ਼ਰੂਰਤ ਇਸ ਚੀਜ਼ ਦੀ ਹੈ ਕਿ ਅੱਜ ਦਾ ਜਿਹੜਾ ਹੈ ਜੋ ਕੁਝ, ਜਿਹੜਿਆਂ ਅੱਜ ਦੇ ਮਸਲੇ ਮਸਾਇਲ ਨੇ ਲੋਕਾਂ ਦੇ, ਔਰ ਨਫ਼ਸੀਆਤੀ ਔਰ ਸੋਚਣ ਦੇ ਇਸ ਤਰਾਂ ਦੇ, ਉਹਨਾਂ ਸਾਰਿਆਂ ਨੂੰ **ਲੈ** ਕੇ ਤੇ ਕੋਈ ਐਸੀਆਂ ਚੀਜ਼ਾਂ ਲਿਖੀਆਂ ਜਾਣ ਕਿ ਜਿਹੜਾ ਸਾਡਾ ਅੱਜ ਦਾ ਨਵਾਂ ਹੈ ਬੱਚਾ ਉਹ ਇਹ ਸਮਝੇ ਕਿ ਮੇਰੀ ਜ਼ੁਬਾਨ ਦੇ ਵਿਚ ਕੁਛ ਐਸਾ ਲਿਖਿਆ ਜਾ ਰਿਹਾ ਹੈ, ਕਿ ਜਿਹੜਾ ਬਿਲਕੁਲ ਮਾਡਰਨ ਜ਼ਮਾਨੇ ਦੀ ਜਿਹੜੀਆਂ ਮੰਗਾਂ ਨੇ, ਲੋੜਾਂ ਨੇ, ਥੋੜਾਂ ਨੇ, ਉਹਦੇ ਬਿਲਕੁਲ ਓਹਦੇ ਹਿਸਾਬ ਨਾਲ ਐ। ਤੇ ਉਸ ਤਰਾਂ ਦਾ ਅਦਬ ਜਿਹੜਾ ਹੈ, ਉਹ ਲਿਖਿਆ ਜਾਣਾ ਚਾਹੀਦਾ ਹੈ, ਨਵਾਂ ਅਦਬ, ਪੜ੍ਹ ਕੇ, ਪੜ੍ਹਨਾ ਵੀ ਚਾਹੀਦਾ ਹੈ, ਨਵੀਂ ਤਕਨੀਕ ਵੀ ਆਉਣੀ ਚਾਹੀਦੀ ਹੈ ਪਰ ਜਿਹੜੀ ਰਵਾਇਤ ਹੈ, ਉਹ ਵੀ ਨਾਲ ਨਾਲ ਸਾਡੇ ਚਲਣੀ ਚਾਹੀਦੀ ਹੈ, ਫੇਰ ਈ ਚੰਗਾ ਅਦਬ ਜਿਹੜਾ**ਐ**, ਜਿਹੜਾ**ਐ**, ਉਹ ਲਿਖਿਆ ਜਾਏਗਾ। ਤੇ ਦੂਸਰੀ ਇਹ ਹੈ ਕਿ ਜਿਹੜੀ **ਸਾਡੇ** ਦੋਵਾਂ ਪਾਸੇ ਪੰਜਾਬ, ਪੰਜਾਬੀ ਦੇ ਵਿਚ ਜੋ ਲਿਖਿਆ ਜਾ ਰਿਹਾ ਹੈ, ਉਹਦਾ ਇਕ ਦੂਸਰੇ ਦੇ ਪਾਸੇ ਜਿਹੜਾ ਚੰਗਾ ਅਦਬ ਹੈ, ਉਹਨੂੰ, ਜਿਹੜਾ, ਸ਼ਾਹਮੁੱਖੀ ਵਿਚ ਲਿਖਿਆ ਜਾਏ, ਉਹ ਗੁਰਮੁਖੀ 'ਚ ਹੋਵੇ, ਜਿਹੜਾ ਗੁਰਮੁਖੀ 'ਚ ਲਿਖਿਆ ਜਾ ਰਿ**ਹੈ**, ਉਹ ਸ਼ਾਹਮੁੱਖੀ ਦੇ ਵਿਚ ਲਿਖਿਆ ਜਾਵੇ। ਔਰ ਇਸੇ ਤਰਾਂ ਜਿਹੜੇ ਚੰਗੇ ਅਦਬ ਹੈ, ਉਹ ਨੂੰ ਅੰਗਰੇਜ਼ੀ 'ਚ **ਟਰਾਂਸਲੇਸ਼ਨ** ਓਹਦੀ ਹੋਵੇ, ਤਾਂ ਜੇ ਬਾਕੀ ਦੁਨੀਆਂ ਨੂੰ ਵੀ ਇਹ ਪਤਾ ਲੱਗੇ ਕਿ ਪੰਜਾਬੀ ਦੇ ਵਿਚ ਕਿਸ ਤਰਾਂ ਦੀ ਚੀਜ਼ਾਂ ਲਿਖੀਆਂ ਜਾ ਰਹੀਆਂ ਨੇ। ਇਕ ਚੀਜ਼ ਇਹ ਹੈ ਕਿ ਜਿਹੜੀ ਜ਼ੁਬਾਨ **ਏ**, ਉਹਦੇ ਵਿਚ, ਜਿਸ ਤਰਾਂ ਸਰਕਾਰੀ ਪੱਧਰ ਤੇ ਜ਼ੁਬਾਨ ਵਾਸਤੇ ਕੁਛ ਨਹੀਂ ਹੋ ਰਿਹਾ, ਸਾਡੇ ਪਾਸੇ ਖਾਸ ਕਰ, ਪੰਜਾਬੀ ਜ਼ੁਬਾਨ ਵਾਸਤੇ **ਕੁਝ ਨਹੀਂ, ਉਹਨੂੰ ਅੱਲਾ ਈ ਕਹੀ ਜ਼ੁਬਾਨ ਕਹਿ ਕੇ**, ਤਾਂ ਉਹ ਨੂੰ ਇਕ ਪਿੱਛੇ ਕਰ ਲਿਆ, ਉਥੋਂ ਦੇ ਪੰਜਾਬੀ ਅਦਬੀ ਬੋਰਡ ਜਿਵੇਂ ਕੋਈ ਕੰਮ ਕਰਦਾ ਹੈ, ਉਹ ਨੂੰ **ਗ੍ਰਾਂਟ** ਨਹੀਂ ਮਿਲਦੀ,

ਇਸੇ ਤਰਾਂ ਲਿਖਾਰੀਆਂ ਦੇ ਵਾਸਤੇ ਕੁਛ ਨਹੀਂ ਇਥੇ ਕੀਤਾ ਜਾਂਦਾ ਲੇਕਿਨ ਉਹਦੇ ਨਾਲ ਨਾਲ ਜਿਹੜੇ ਲੋਕ ਨੇ ਪੰਜਾਬੀ, ਉਹਨਾਂ 'ਚ ਵੀ ਇਕ ਗ਼ਲਤ ਚੀਜ਼ ਹੈ ਕਿ ਉਹ ਵੀ ਅੱਜ ਕਲ ਆਪਣੇ ਬੱਚਿਆਂ ਨਾਲ ਉਰਦੂ ਬੋਲਦੇ ਨੇ, ਯਾ ਜਿਹੜੀਆਂ ਬਹੁਤ ਪੜ੍ਹੀਆਂ ਲਿਖੀਆਂ **ਫੈਮਿਲੀਆਂ** ਨੇ, ਉਹਨਾਂ ਦੀ ਉਹ ਹੈ ਕਿ ਉਹ ਅੰਗਰੇਜ਼ੀ ਬੋਲ ਰਹੇ ਨੇ, ਤੇ ਪੰਜਾਬੀ ਦੇ ਨਾਲ ਜਿਹੜਾ ਪੰਜਾਬੀਆਂ ਦਾ ਆਪਣਾ ਵੀ ਵਰਤਾਰਾ ਹੈ, ਉਹ ਕੋਈ ਏਡਾ ਚੰਗਾ ਨਹੀਂ, ਕਿ ਉਹ ਆਪਣੇ ਬੱਚਿਆਂ ਦੇ ਨਾਲ, ਆਪਣੇ **ਬਾਲਾਂ** ਦੇ ਨਾਲ ਪੰਜਾਬੀ ਬੋਲਣ। ਸਿਰਫ ਪੰਜਾਬੀ ਮਿਊਜ਼ਿਕ ਯਾ ਪੰਜਾਬੀ ਦੇ ਵਿਚ ਜਿਹੜੇ ਗੀਤ ਨੇ, ਉਹ ਗਾ ਲੈਣ ਯਾ ਸੁਣ ਲੈਣ, ਯਾ ਨਾਲ ਆਪਣੇ **ਵਿਅਵਾਂ** ਦੇ ਉੱਤੇ ਨੱਚਣ ਨਾਲ ਪੰਜਾਬੀ ਜ਼ੁਬਾਨ ਨਹੀਂ ਬਚੇਗੀ। ਪੰਜਾਬੀ ਜ਼ੁਬਾਨ ਬਚਣਾ ਵੀ ਤਾਂ ਹੈ ਔਰ ਉਹਨੇ ਅੱਗੇ ਵਧਣਾ ਵੀ ਤਾਂ ਹੈ ਕਿ ਜੇ ਪੰਜਾਬੀ ਸੱਚੀ ਮੁੱਚੀ ਆਪਣੇ ਅੰਦਰੋਂ ਉਹ ਕਹਿਣ ਕਿ ਸਾਨੂੰ ਪੰਜਾਬੀ ਨਾਲ ਜੇ ਪਿਆਰ **ਐ**, ਤਾਂ ਉਹ ਆਪਣਾ ਇਹਦਾ, ਉਹ ਜ਼ਾਹਿਰ ਵੀ ਹੋਣਾ ਚਾਹੀਦਾ ਹੈ, ਉਹ ਆਪਣੇ ਬੱਚਿਆਂ ਨੂੰ ਅਗਲੀ ਪੀੜੀ ਦੇ ਨਾਲ, ਉਹ ਪੰਜਾਬੀ ਬੋਲਣ।